

ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਅਤੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਰਾਜਿੰਦਰ ਸਿੰਘ ਸਿੱਧੂ ਕੋਲੋਂ ਸ. ਗੁਰਦੀਪ ਸਿੰਘ ਬਰਾੜ 'ਸ. ਸੁਰਜੀਤ ਸਿੰਘ ਢਿੱਲੋਂ ਪੁਰਸਕਾਰ' ਹਾਸਲ ਕਰਦੇ ਹੋਏ । ਪੀ ਏ ਯੂ ਦੇ ਪ੍ਰਬੰਧਕੀ ਬੋਰਡ ਦੇ ਸਾਬਕਾ ਮੈਂਬਰ ਸਰਦਾਰਨੀ ਕਰਮਜੀਤ ਕੌਰ ਨਾਲ ਖੜ੍ਹੇ ਹਨ ।

## ਜੈਵਿਕ ਖੇਤੀ ਕਰਨ ਵਾਲੇ ਤਜ਼ਰਬੇਕਾਰ ਕਿਸਾਨ
## ਸ. ਗੁਰਦੀਪ ਸਿੰਘ ਬਰਾੜ

ਫ਼ਸਲਾਂ ਉੱਤੇ ਵੱਧ ਰਹੇ ਰਸਾਇਣਾਂ ਦੇ ਦੁਰਪ੍ਰਭਾਵਾਂ ਤੋਂ ਜਾਗਰੂਕ ਸ. ਗੁਰਦੀਪ ਸਿੰਘ ਬਰਾੜ ਪੁੱਤਰ ਸ. ਮੁਕੰਦ ਸਿੰਘ ਬਰਾੜ ਪਿੰਡ ਮਹਿਮਾ ਵਾਲੀ ਜ਼ਿਲ੍ਹਾ ਬਠਿੰਡਾ ਦੇ ਇੱਕ ਅਨਪੜ੍ਹ ਕਿਸਾਨ ਹਨ, ਜਿਨ੍ਹਾਂ ਕੋਲ ਸਿਰਫ ਦੋ ਏਕੜ ਜ਼ਮੀਨ ਦੀ ਮਲਕੀਅਤ ਹੈ। ਉਨ੍ਹਾਂ ਨੇ ਡੇਢ ਏਕੜ ਜ਼ਮੀਨ ਠੇਕੇ ਤੇ ਲਈ ਹੋਈ ਹੈ। ਥੋੜ੍ਹੀ ਜ਼ਮੀਨ ਦੇ ਮਾਲਕ ਸ. ਗੁਰਦੀਪ ਸਿੰਘ ਦੀ ਜ਼ਿੰਦਗੀ ਵਿੱਚ ਉਦੋਂ ਮੋੜ ਆਇਆ, ਜਦੋਂ ਰਵਾਇਤੀ ਫ਼ਸਲੀ ਚੱਕਰ ਵਿੱਚ ਫਸੇ ਇਹ ਕਿਸਾਨ ਤਕਨੀਕੀ ਖੇਤੀ ਦੀ ਜਾਣਕਾਰੀ ਲੈਣ ਹਿੱਤ ਸੰਨ 1995 ਵਿੱਚ ਬਠਿੰਡੇ ਵਿੱਚ ਪੈਂਦੇ ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਮਾਹਿਰਾਂ ਦੇ ਸੰਪਰਕ ਵਿੱਚ ਆਏ । ਉਨ੍ਹਾਂ ਦੇ ਮਨ ਵਿੱਚ ਉਠਦੇ ਸਵਾਲਾਂ ਦੇ ਸਹੀ ਜਵਾਬ ਮਿਲਣ ਕਰਕੇ ਹੁਣ ਵੀ ਉਹ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ ਦੇ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਦੇ ਰਹਿੰਦੇ ਹਨ । ਸਬਜ਼ੀਆਂ ਪ੍ਰਤੀ ਰੁਝਾਨ 16 ਸਾਲ ਪਹਿਲਾਂ ਪੈਦਾ ਹੋਇਆ, ਜਦੋਂ ਉਹ ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਮਾਹਿਰਾਂ ਨੇ ਉਨ੍ਹਾਂ ਨੂੰ ਇੱਕ ਕਨਾਲ ਵਿੱਚ ਘਰੇਲੂ ਬਗੀਚੀ ਲਗਾਉਣ ਪ੍ਰਤੀ ਉਤਸ਼ਾਹਿਤ ਕੀਤਾ ਅਤੇ ਸਬਜ਼ੀਆਂ ਦੇ ਬੀਜਾਂ ਦੀ ਕਿੱਟ ਵੀ ਦਿੱਤੀ । ਉਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਦੋ ਕਿੱਲਿਆਂ ਵਿੱਚ ਸਬਜ਼ੀ ਦੀ ਕਾਸ਼ਤ ਕਰਨੀ ਸ਼ੁਰੂ ਕੀਤੀ। ਅੰਬੁਜਾ ਸੀਮੈਂਟ ਫਾਊਡੇਸ਼ਨ ਬਠਿੰਡਾ ਦੇ ਮਾਹਿਰਾਂ ਨਾਲ ਉਹ 12 ਸਾਲ ਪਹਿਲਾਂ ਸੰਪਰਕ ਵਿੱਚ ਆਏ, ਜਿਨ੍ਹਾਂ ਨੇ ਉਨ੍ਹਾਂ ਦਾ ਦੌਰਾ ਨਾਭਾ ਜੈਵਿਕ ਫਾਰਮ, ਆਰਗੈਨਿਕ ਫਾਰਮ, ਭਗਤ ਪੂਰਨ ਸਿੰਘ, ਗੰਗਾਨਗਰ ਵਿੱਚ ਪੈਂਦੇ ਕੁਦਰਤੀ ਖੇਤੀ ਫਾਰਮ ਦਾ ਕਰਵਾਇਆ। ਉਨ੍ਹਾਂ ਨੇ ਵੱਖ-ਵੱਖ ਫਾਰਮਾਂ ਦੇ ਦੌਰੇ ਕਰਨ ਉਪਰੰਤ ਜੈਵਿਕ ਖੇਤੀ ਕਰਨ ਦਾ ਮਨ ਬਣਾ ਲਿਆ। ਉਹ ਮੌਸਮ ਅਨੁਸਾਰ ਹਰ ਪ੍ਰਕਾਰ ਦੀਆਂ ਸਬਜ਼ੀਆਂ ਦੀ ਕਾਸ਼ਤ ਕਰਦੇ ਹਨ । ਬੀਜ ਨੂੰ ਉਹ ਨਿੰਮ ਦੇ ਪਾਣੀ, ਗਊ ਮੂਤਰ, ਚੂਨੇ ਦੇ ਪਾਣੀ ਅਤੇ ਹਿੰਗ ਦੇ ਘੋਲ ਵਿੱਚ ਭਿਉਂ ਕੇ ਸੋਧਦੇ ਹਨ। ਉਹ ਕੱਦੂ, ਕਰੇਲੇ ਅਤੇ ਤੋਰੀ ਦੇ ਬੀਜ ਨੂੰ ਆਪ ਤਿਆਰ ਕਰਦੇ ਹਨ, ਬੀਜ ਮੁੱਲ ਖਰੀਦ ਕੇ ਨਹੀਂ ਬੀਜਦੇ। ਜਦੋਂ ਕਿਸੇ ਫ਼ਸਲ ਦੀ ਕਿਸਮ ਬਦਲਣੀ ਹੋਵੇ ਤਾਂ ਪੰਜਾਬ

ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਜਾਂ ਭਰੋਸੇਯੋਗ ਸੰਸਥਾ ਤੋਂ ਬੀਜ ਲੈ ਕੇ ਤਜਰਬੇ ਦੇ ਤੌਰ ਤੇ ਬਿਜਾਈ ਕਰਦੇ ਹਨ ।

ਨਰੋਈ ਅਤੇ ਵਿਸ਼ਾਣੂ ਮੁਕਤ ਸਬਜ਼ੀਆਂ ਦੀ ਪੈਦਾਵਾਰ ਲਈ ਜੀਵ ਅੰਮ੍ਰਿਤ ਦੀ ਵਰਤੋਂ ਕਰਦੇ ਹਨ । ਜਿਸ ਲਈ ਉਹ 200 ਲਿਟਰ ਪਾਣੀ ਵਿੱਚ 15 ਲਿਟਰ ਗਊ ਮੂਤਰ, 15 ਕਿਲੋ ਗਊ ਦਾ ਗੋਹਾ, 2 ਕਿਲੋ ਵੇਸਣ, 1 ਕਿਲੋ ਬੰਨੇ ਦੀ ਮਿੱਟੀ ਅਤੇ ਗੁੜ 2 ਕਿਲੋ ਲੈ ਕੇ ਡਰੰਮ ਵਿੱਚ ਚੰਗੀ ਤਰ੍ਹਾਂ ਰਲਾ ਕੇ 7 ਦਿਨਾਂ ਲਈ ਰੱਖ ਦਿੰਦੇ ਹਨ ਅਤੇ ਹਰ ਰੋਜ਼ ਮਿਸ਼ਰਣ ਨੂੰ ਹਲਾਉਂਦੇ ਰਹਿੰਦੇ ਹਨ। ਤਿਆਰ ਹੋਏ ਜੀਵ ਅੰਮ੍ਰਿਤ ਨੂੰ ਪਾਣੀ ਵਿੱਚ ਰਲਾ ਕੇ ਫ਼ਸਲਾਂ ਨੂੰ ਦਿੰਦੇ ਰਹਿੰਦੇ ਹਨ ਅਤੇ ਕਈ ਵਾਰ ਫ਼ਸਲ ਉੱਪਰ ਛਿੜਕਾਅ ਵੀ ਕਰ ਦਿੰਦੇ ਹਨ ।

ਸੁੰਡੀ, ਤੇਲੇ ਅਤੇ ਉੱਲੀ ਰੋਗਾਂ ਤੋਂ ਸਬਜ਼ੀਆਂ ਦੇ ਬਚਾਅ ਲਈ ਖੱਟੀ ਲੱਸੀ 20 ਲਿਟਰ ਵਿੱਚ ਤਾਂਬਾ 250 ਗ੍ਰਾਮ ਅਤੇ ਲੋਹਾ 100 ਗ੍ਰਾਮ ਪਾ ਕੇ ਪਲਾਸਟਿਕ ਦੇ ਡਰੰਮ ਵਿੱਚ ਦੋ ਮਹੀਨਿਆਂ ਲਈ ਰੱਖ ਦਿੰਦੇ ਹਨ ਅਤੇ ਤਿਆਰ ਕੀਤੇ ਮਿਸ਼ਰਣ ਨੂੰ ਸੁੰਡੀ, ਤੇਲੇ ਅਤੇ ਉੱਲੀ ਰੋਗ ਦੀ ਰੋਕਥਾਮ ਲਈ ਸਬਜ਼ੀਆਂ ਤੇ ਛਿੜਕਾਅ ਕਰਦੇ ਹਨ । ਸਬਜ਼ੀਆਂ ਨੂੰ ਤੇਲਾ ਅਤੇ ਸੁੰਡੀ ਤੋਂ ਬਚਾਉਣ ਲਈ ਸਰੋਂ ਦੀ ਖਲ, ਰਤਨ ਜੋਤ ਦੀ ਖਲ ਅਤੇ ਨਿੰਮ ਦੀ ਖਲ ਦਾ ਇਸਤੇਮਾਲ ਵੀ ਕਰਦੇ ਹਨ । ਕੀੜਿਆਂ ਦੀ ਰੋਕਥਾਮ ਲਈ ਨਿੰਮ ਦੀਆਂ ਨਿਮੋਲੀਆ, ਕਾਲਾ ਧਤੂਰਾ, ਦੇਸੀ ਅੱਕ ਅਤੇ ਖੱਟੀ ਲੱਸੀ ਦੀ ਵਰਤੋਂ ਕਰਦੇ ਹਨ ।

ਜ਼ਮੀਨ ਵਿੱਚ ਯੂਰੀਏ ਦੀ ਘਾਟ ਨੂੰ ਪੂਰਾ ਕਰਨ ਲਈ 6 ਮਹੀਨੇ ਦੀਆਂ ਪੁਰਾਣੀਆਂ ਪਾਥੀਆਂ ਨੂੰ 200 ਲਿਟਰ ਪਾਣੀ ਵਿੱਚ 15-18 ਪਾਥੀਆਂ ਪਾ ਕੇ ਇੱਕ ਹਫ਼ਤੇ ਤੱਕ ਰੱਖ ਦਿੰਦੇ ਹਨ ਅਤੇ ਇੱਕ ਹਫ਼ਤੇ ਬਾਅਦ ਤਿਆਰ ਮਿਸ਼ਰਣ ਵਿਚੋਂ ਪਾਥੀਆਂ ਕੱਢ ਕੇ ਘੋਲ ਨੂੰ ਸਬਜ਼ੀਆਂ ਵਿੱਚ ਵਰਤ ਲੈਂਦੇ ਹਨ ਅਤੇ ਪਾਥੀਆਂ ਸੁਕਾ ਕੇ ਬਾਲਣ ਦੇ ਰੂਪ ਵਿੱਚ ਵਰਤੋਂ ਕਰਦੇ ਹਨ । ਪਾਥੀਆਂ ਦੇ ਘੋਲ ਦੀ ਵਰਤੋਂ ਨਾਲ ਜ਼ਮੀਨ ਦੀ ਗੁਣਵੱਤਾ ਵਧਦੀ ਹੈ ਅਤੇ ਸਬਜ਼ੀਆਂ ਹਰੀਆਂ ਭਰੀਆਂ ਰਹਿੰਦੀਆਂ ਹਨ।

ਵਰਮੀ ਕੰਪੋਸਟ ਤਿਆਰ ਕਰਨ ਲਈ ਉਹ 50 ਕਿਲੋ ਨਿੰਮ ਦੇ ਪੱਤੇ, 20 ਕਿਲੋ ਦੇਸੀ ਅੱਕ ਦੇ ਪੱਤੇ, 15 ਕਿਲੋ ਸਫ਼ੈਦੇ ਦੇ ਪੱਤੇ ਨੂੰ ਟੈਂਕ ਵਿੱਚ ਪਾ ਕੇ ਇੱਕ ਤਹਿ ਦੇ ਰੂਪ ਵਿੱਚ ਵਿਛਾ ਦਿੰਦੇ ਹਨ, ਇਸ ਦੇ ਉੱਪਰ ਗੋਹੇ ਦੀ ਤਹਿ ਵਿਛਾ ਕੇ ਗੰਡੋਏ ਪਾਏ ਜਾਂਦੇ ਹਨ ਅਤੇ ਇਸ ਟੈਂਕ ਵਿੱਚ ਇੱਕ ਪਾਸੇ ਪਾਣੀ ਨਿਕਲਣ

ਲਈ ਇੱਕ ਪਾਈਪ ਲਗਾ ਦਿੱਤੀ ਜਾਂਦੀ ਹੈ। ਪਾਈਪ ਰਾਹੀਂ ਨਿਕਲਦੇ ਬੂੰਦ-ਬੂੰਦ ਪਾਣੀ ਨੂੰ ਸੰਭਾਲਣ ਲਈ ਪਲਾਸਟਿਕ ਦੀ ਪੀਪੀ ਲਗਾ ਦਿੱਤੀ ਜਾਂਦੀ ਹੈ। ਇਹ ਪਾਣੀ ਸਬਜ਼ੀਆਂ ਉੱਪਰ ਸਪਰੇਅ ਕਰਨ ਨਾਲ ਤੇਲਾ, ਚਿੱਟੀ ਮੱਖੀ ਅਤੇ ਹੋਰ ਕਈ ਕੀੜੇ ਸਬਜ਼ੀਆਂ ਦਾ ਨੁਕਸਾਨ ਨਹੀਂ ਕਰਦੇ। ਬਾਕੀ ਬਚੀ ਸੱਲਰੀ ਨੂੰ ਖੇਤ ਵਿੱਚ ਪਾ ਦਿੱਤਾ ਜਾਂਦਾ ਹੈ। ਰੂੜੀ ਤਿਆਰ ਕਰਨ ਲਈ ਉਨ੍ਹਾਂ ਦੇ ਫਾਰਮ ਤੇ ਕਨਾਲ-ਕਨਾਲ ਦੇ ਦੋ ਟੋਏ ਪੁੱਟੇ ਹੋਏ ਹਨ, ਜਿਨ੍ਹਾਂ ਵਿੱਚ ਗਊਸ਼ਾਲਾ ਤੋਂ ਗੋਬਰ ਲੈ ਕੇ ਭਰਦੇ ਹਨ । ਤਿਆਰ ਹੋਣ ਤੋਂ ਬਾਅਦ ਰੂੜੀ ਖੇਤਾਂ ਵਿੱਚ ਪਾਉਂਦੇ ਹਨ।

ਝਾੜ ਕਰੇਲਾ ਅਤੇ ਕੱਦੂ ਜਾਲ ਉੱਪਰ ਲਾਉਂਦੇ ਹਨ, ਜਿਸ ਨਾਲ ਸਬਜ਼ੀਆਂ ਦੀ ਕੁਆਲਿਟੀ ਵਧੀਆ ਹੁੰਦੀ ਹੈ। ਸਬਜ਼ੀਆਂ ਦੀ ਦਿੱਖ ਅਤੇ ਰੰਗ ਵਧੀਆ ਹੋਣ ਕਰਕੇ ਗਾਹਕ ਲਈ ਖਿੱਚ ਦਾ ਕੇਂਦਰ ਬਣ ਜਾਂਦੇ ਹਨ। ਉਨ੍ਹਾਂ ਦੇ ਖੇਤ ਤੋਂ ਗੋਨਿਆਣਾ ਮੰਡੀ ਅਤੇ ਬਠਿੰਡਾ ਦੇ ਵਪਾਰੀ ਸਬਜ਼ੀਆਂ ਖਰੀਦਣ ਆਉਂਦੇ ਹਨ। ਝਾੜ ਕਰੇਲਾ ਸ਼ੂਗਰ ਦੀ ਬਿਮਾਰੀ ਦੇ ਬਚਾਅ ਲਈ ਵਧੀਆ ਹੋਣ ਕਰਕੇ ਉਸ ਦੇ ਫਾਰਮ ਤੋਂ ਕਾਫ਼ੀ ਦੂਰ-ਦੂਰ ਦੇ ਸ਼ੂਗਰ ਦੇ ਮਰੀਜ਼ ਕਰੇਲਾ ਖਰੀਦਣ ਲਈ ਆਉਂਦੇ ਹਨ। ਲੋਕ ਕਰੇਲੇ ਨੂੰ ਜੂਸ ਅਤੇ ਪਾਊਡਰ ਦੇ ਰੂਪ ਵਿੱਚ ਵਰਤਦੇ ਹਨ। ਗਾਹਕ ਕਰੇਲੇ ਦੇ ਜੂਸ ਵਿੱਚ ਟਮਾਟਰ ਅਤੇ ਖੀਰੇ ਦਾ ਜੂਸ ਰਲਾ ਕੇ ਪੀਂਦੇ ਹਨ, ਜਿਸ ਦੀ ਵਰਤੋਂ ਨਾਲ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ।

ਉਹ ਆਪਣੇ ਫਾਰਮ ਦੀ ਸਬਜ਼ੀ ਬਠਿੰਡਾ ਸ਼ਹਿਰ ਜਾ ਕੇ ਵੀ ਨਿਸ਼ਚਿਤ ਕੀਤੇ ਸਥਾਨਾਂ ਤੇ ਸਮੇਂ ਵਿੱਚ ਵੇਚਦੇ ਹਨ । ਤਾਜ਼ੀ ਅਤੇ ਚੰਗੀ ਸਬਜ਼ੀ ਹੋਣ ਕਰਕੇ ਗਾਹਕਾਂ ਵਿੱਚ ਖਿੱਚ ਦਾ ਕੇਂਦਰ ਬਣੀ ਹੋਈ ਹੈ । ਖੇਤਾਂ ਵਿੱਚ ਲੱਗੇ ਅਮਰੂਦ, ਜਾਮਣ, ਅਨਾਰ ਅਤੇ ਅੰਗੂਰ ਦੀ ਵਿਕਰੀ ਵੀ ਉਹ ਆਪਣੇ ਸਟਾਲ ਤੋਂ ਕਰਦੇ ਹਨ। ਇਸ ਦੇ ਨਾਲ-ਨਾਲ ਉਹ ਤਿਆਰ ਕੀਤੀ ਵਰਮੀ ਕੰਪੋਸਟ ਵੀ ਸ਼ਹਿਰ ਜਾ ਕੇ 500 ਗ੍ਰਾਮ ਅਤੇ ਇੱਕ ਕਿਲੋਗ੍ਰਾਮ ਦੀ ਪੈਕਿੰਗ ਬਣਾ ਕੇ ਵੇਚਦੇ ਹਨ। ਉਹ ਪੁਰਾਣੀ ਪਰੰਪਰਾ ਮੁਤਾਬਿਕ ਤੌੜੀ ਵਿੱਚ ਤਿਆਰ ਕੀਤਾ ਸਰੋਂ ਦਾ ਸਾਗ ਸਰਦੀਆਂ ਦੀ ਰੁੱਤੇ 100 ਰੁ: ਕਿਲੋ ਦੇ ਹਿਸਾਬ ਨਾਲ ਵੇਚਦੇ ਹਨ ਅਤੇ ਉਨ੍ਹਾਂ ਨੇ ਸਾਗ ਵੇਚਣ ਦੇ ਦਿਨ ਵੀ ਸੁਨਿਸ਼ਚਿਤ ਕੀਤੇ ਹੋਏ ਹਨ। ਉਨ੍ਹਾਂ ਦਾ ਬਣਿਆ ਸਾਗ ਗਾਹਕਾਂ ਵੱਲੋਂ ਬੜਾ ਪਸੰਦ ਕੀਤਾ ਜਾਂਦਾ ਹੈ।

ਆਧੁਨਿਕ ਤਕਨੀਕ ਰਾਹੀਂ ਖੇਤੀ ਵਿਭਿੰਨਤਾ ਨੂੰ ਅਪਨਾਉਣ ਵਾਲੇ ਇਹ ਕਿਸਾਨ ਸਬਜ਼ੀਆਂ ਤੇ ਕੀੜਿਆਂ ਦੇ ਹਮਲੇ ਨੂੰ ਰੋਕਣ ਲਈ ਟਰੈਪ ਦੀ ਵਰਤੋਂ ਵੀ ਕਰਦੇ ਹਨ ।

ਉਹ ਕਈ ਨਾਮਵਰ ਪ੍ਰਗਤੀਸ਼ੀਲ ਸੰਸਥਾਵਾਂ ਦੇ ਮੈਂਬਰ ਹਨ ਅਤੇ ਕਈ ਖੇਤੀ ਸਹਾਇਕ ਧੰਦਿਆਂ ਦੀਆਂ ਸਿਖਲਾਈਆਂ ਵੀ ਲਈਆਂ ਹਨ, ਜਿਨ੍ਹਾਂ ਵਿਚੋਂ ਮਧੂ ਮੱਖੀ ਅਤੇ ਖੁੰਬਾਂ ਦੀ ਟ੍ਰੇਨਿੰਗ ਵੀ ਸ਼ਾਮਲ ਹਨ। ਪਹਿਲਾਂ ਪਹਿਲ ਉਨ੍ਹਾਂ ਨੇ ਸਿਖਲਾਈ ਹਾਸਲ ਕਰਕੇ ਮਧੂ ਮੱਖੀ ਅਤੇ ਖੁੰਬਾਂ ਦੇ ਕੰਮ ਦੀ ਸ਼ੁਰੂਆਤ ਵੀ ਕੀਤੀ, ਪ੍ਰੰਤੂ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨ ਉਪਰੰਤ ਇਹ ਧੰਦੇ ਦੋ ਸਾਲ ਬਾਅਦ ਛੱਡਣੇ ਪਏ, ਪ੍ਰੰਤੂ ਉਹ ਸਬਜ਼ੀਆਂ ਦੀ ਵਿਕਰੀ ਤੋਂ ਵਧੀਆ ਕਮਾਈ ਕਰ ਲੈਂਦੇ ਹਨ । ਵਧੀਆਂ ਸਬਜ਼ੀਆਂ ਦੀ ਕਾਸ਼ਤ ਕਰਨ ਲਈ ਕਈ ਉੱਘੀਆਂ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸ. ਗੁਰਦੀਪ ਸਿੰਘ ਬਰਾੜ ਨੂੰ ਸੰਨ 2015 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸ. ਸੁਰਜੀਤ ਸਿੰਘ ਢਿੱਲੋਂ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਉਹ ਮਨੁੱਖੀ ਸਿਹਤ ਲਈ ਵਧੀਆ ਉਪਰਾਲਾ ਕਰ ਰਹੇ ਹਨ ਅਤੇ ਇਹ ਇੱਕ ਸ਼ਲਾਘਾਯੋਗ ਉੱਦਮ ਹੈ।